Weekly

# CANADA SIKH TIMES

4 - 10 May 2024

ਕੈਨੇਡਾ ਸਿੱਖ ਟਾਈਮਜ਼

Volume 2 Issue 18

• RELIGION • CULTURE • HERITAGE • BUSINESS

## ਸਿੱਖ ਕਾਨੂੰਨੀ ਮਾਹਿਰਾਂ ਵਲੋਂ ਯੂ. ਕੇ. ਵਿਚ ‘ਸਿੱਖ ਅਦਾਲਤ’ ਦੀ ਸਥਾਪਨਾ



ਯੂ.ਕੇ. ਦੇ ਸਿੱਖ ਜੱਜਾਂ, ਵਕੀਲਾਂ, ਬੈਰਿਸਟਰਾਂ ਤੇ ਹੋਰ ਵਿਚਾਰਵਾਨਾਂ ਨੇ ਦੁਨੀਆ ਭਰ ਦੇ ਸਿੱਖਾਂ ਲਈ ਉਮੀਦ ਦੀ ਇਕ ਨਵੀਂ ਕਿਰਨ ਜਗਾਈ ਹੈ। ਸਿੱਖਾਂ ਨੂੰ ਆਪਸੀ ਰੰਜਿਸ਼ਾਂ, ਧਾਰਮਿਕ ਝਗੜੇ ਤੇ ਸਮਾਜਿਕ ਮਸਲੇ ਹੱਲ ਕਰਨ ਦਾ ਇਕ ਨਵਾਂ ਰਾਹ ਸੁਝਾਇਆ ਹੈ। ਸਿੱਖ ਕਾਨੂੰਨੀ ਮਾਹਿਰਾਂ ਵਲੋਂ ਯੂ. ਕੇ. ਵਿਚ ‘ਸਿੱਖ ਅਦਾਲਤ’ ਦੀ ਸਥਾਪਨਾ ਕੀਤੀ ਗਈ ਹੈ, ਜੋ ਯੂ.ਕੇ. ਦੇ ਇੰਗਲੈਂਡ, ਸਕਾਟਲੈਂਡ ਅਤੇ ਵੇਲਜ਼ ਇਲਾਕਿਆਂ ਵਿਚ ਸਿੱਖਾਂ ਦੇ ਆਪਸੀ ਝਗੜੇ ਖਤਮ ਕਰਨ ਲਈ ਕੰਮ ਕਰੇਗੀ। ਇਸ ਅਦਾਲਤ ਦੇ ਜੱਜਾਂ ਨੇ ਸਹੁੰ ਚੁੱਕੀ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਦੀਆਂ ਸਿੱਖਿਆਵਾਂ ਵਲੋਂ ਦਰਸਾਏ ਗਏ ਨਿਆਂ, ਬਰਾਬਰੀ ਅਤੇ ਅਖੰਡਤਾ ਦੇ ਅਸੂਲਾਂ ਨੂੰ ਕਾਇਮ ਰੱਖਣਗੇ ਅਤੇ ਆਪਣੇ ਫ਼ਰਜ਼ਾਂ ਨੂੰ ਬਿਨਾਂ ਕਿਸੇ ਡਰ, ਪੱਖ ਜਾਂ ਮਾੜੀ ਇੱਛਾ ਦੇ ਅਦਾਲਤ ਦੇ ਕਾਨੂੰਨਾਂ ਤੇ ਨਿਯਮਾਂ ਨੂੰ ਨਿਰਪੱਖਤਾ ਨਾਲ ਲਾਗੂ ਕਰਨਗੇ।

## Punjab Board Result declared Ekampreet Singh tops with 100% score




Ekampreet Singh of BCS Senior Secondary School, Jamalpur Colony, Focal Point, Ludhiana, and Raviuday Singh of Government Senior Secondary School, Gulabewala, Muktsar, scored 500/500, bagging the first and second position, respectively, in the PSEB Class 12 examination results declared on Tuesday. Ashwani of Senior Secondary Residential School for Meritorious Students, Bathinda, bagged the third position by scoring 499/500 marks. As many as 2,84,452 candidates appeared for the exams, of which 2,64,662 cleared it with a pass percentage of 93.04. Last year, the figure was 92.47 per cent.

## ‘ਆਓ ਬਣੀਏ ਗੁਰਸਿੱਖ ਪਿਆਰਾ’ ਕੁਇਜ਼ ਸ਼ੋਅ ਦੇ 10 ਸਾਲ ਪੂਰੇ ਹੋਣ ’ਤੇ ਪ੍ਰੋਗਰਾਮ ਦਾ ਆਯੋਜਨ

### ਇਕ ਮੌਕੇ ਪੁਸਤਕ ਗਿਆਨ ਦਾ ਸਾਗਰ (Ocean of Knowledge) ਕੀਤੀ ਗਈ ਰਿਲੀਜ਼

ਪਿਛਲੇ ਦਿਨੀਂ ‘ਆਓ ਬਣੀਏ ਗੁਰਸਿੱਖ ਪਿਆਰਾ’ ਟੀਵੀ ਕਿਉਜ਼ ਸ਼ੋਅ ਦੇ 10 ਸਾਲ ਪੂਰੇ ਹੋਣ ’ਤੇ ਗੁਰਦੁਆਰਾ ਸਿੰਘ ਸਭਾ, ਸੀ ਬਲਾਕ, ਹਰੀ ਨਗਰ, ਨਵੀਂ ਦਿੱਲੀ ਦੇ ਕਾਨਫ਼ਰੰਸ ਹਾਲ ਵਿਚ ਇਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਦਿੱਲੀ ਦੀਆਂ ਉਸਾਰੂ ਸੋਚ ਵਾਲੀਆਂ ਪ੍ਰਮੁੱਖ ਸਿੱਖ ਸੰਸਥਾਵਾਂ– ਗੁਰਸਿੱਖ ਸੰਜੋਗ, ਜੀਵਨ ਜਾਚ ਦਾ ਖਜਾਨਾ, ਆਨੰਦ ਕਾਰਜ ਡਾਟ ਕਾਮ ਤੇ ਕੌਮੀ ਦਰਦ ਵਾਲੇ ਵੀਰ ਭੈਣਾਂ ਨੇ ਸ਼ਮੂਲੀਅਤ ਕੀਤੀ।

ਜ਼ਿਕਰਯੋਗ ਹੈ ਇਸ ਮੌਕੇ ਸ਼ੋਅ ਦੇ ਸਪਾਂਸਰ ਸ. ਕੁਲਦੀਪ ਸਿੰਘ ਬੱਗਾ (ਐਮ.ਡੀ., ਸਿਮਕੋ ਹੇਅਰ ਫਿਕਸਰ) ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਡਾ. ਅਵਤਾਰ ਸਿੰਘ ਸੇਠੀ (ਦੂਰਦਰਸ਼ਨ), ਡਾ. ਹਰਮੀਤ ਸਿੰਘ, ਪ੍ਰੋਫੈਸਰ ਹਰਮਿੰਦਰ ਸਿੰਘ ਅਰੋੜਾ, ਸ. ਕਮਾਲਜੀਤ ਸਿੰਘ (ਜਨਕਪੁਰੀ), ਸ. ਕੁਲਮੋਹਨ ਸਿੰਘ (ਐਂਕਰ ਡਾਇਰੈਕਟਰ) ਅਤੇ



ਕੇਂਦਰ ਦੀਆਂ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸਿੱਖ ਕੌਮ ਦੇ ਇਕੋ ਇਕ ਰੀਐਲਟੀ ਸ਼ੋਅ ਨੂੰ ਹੋਰ ਬੇਹਤਰ ਬਣਾਉਣ ਲਈ ਵਡਮੁੱਲੇ ਸੁਝਾਅ ਪੇਸ਼ ਕੀਤੇ। ਡਾ. ਹਰਜਿੰਦਰ ਸਿੰਘ (ਐਂਕਰ ਡਾਇਰੈਕਟਰ) ਨੇ ਕੈਨੇਡਾ ਤੋਂ ਹੀ ਵੀਡੀਓ ਰਿਕਾਰਡਿੰਗ ਰਾਂਹੀ ਸ਼ੋਅ ਦੀਆਂ ਪ੍ਰਾਪਤੀਆਂ ਤੇ ਭਵਿੱਖ ਦੀਆਂ ਸੰਭਾਵਨਾਵਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

# DESH VIDESH

## ਸਿੱਖ ਪੰਥ ਦੇ ਮਹਾਨ ਕੀਰਤਨੀਏ ਭਾਈ ਨਿਰਮਲ ਸਿੰਘ ਖ਼ਾਲਸਾ - 2

- ਸੁਖਵਿੰਦਰ ਸਿੰਘ ਮੁੱਲਾਂਪੁਰ



ਉਨ੍ਹਾਂ ਵੱਲੋਂ ਗਾਇਆ ਜਾਂਦਾ ਸ਼ਬਦ 'ਬਬੀਹਾ ਅੰਮ੍ਰਿਤ ਵੇਲੇ ਬੋਲਿਆ' ਨੂੰ ਸੰਗਤ ਵਾਰ-ਵਾਰ ਸਰਵਣ ਕਰਦੀ ਰਹਿੰਦੀ। ਭਾਈ ਨਿਰਮਲ ਸਿੰਘ ਗੁਰਬਾਣੀ ਨੂੰ ਨਿਰਧਾਰਤ ਰਾਗਾਂ ਵਿਚ ਗਾਉਣ ਦੀ ਮੁਹਾਰਤ ਰੱਖਦੇ ਸਨ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ 'ਚ ਸ਼ਬਦ ਗਾ ਕੇ ਪੁਰਾਤਨ ਕੀਰਤਨ ਸ਼ੈਲੀ ਬਹਾਲ ਕੀਤੀ। ਉਹ ਗੁਰਬਾਣੀ ਪੁਰਾਤਨ ਰੀਤਾਂ ਅਨੁਸਾਰ ਤੰਤੀ ਸਾਜ਼ਾਂ ਨਾਲ ਗਾਉਂਦੇ ਸਨ।

ਭਾਈ ਨਿਰਮਲ ਸਿੰਘ ਨੇ ਗੁਰੂ ਅਰਜਨ ਦੇਵ ਜੀ ਦੀ ਪਾਵਨ ਰਚਨਾ ਸੁਖਮਨੀ ਸਾਹਿਬ ਨੂੰ ਗਾਉੜੀ ਰਾਗ ਵਿਚ ਗਾਇਆ। ਇਸੇ ਤਰ੍ਹਾਂ ਬਾਬਾ ਫ਼ਰੀਦ ਜੀ ਦੇ ਸਲੋਕਾਂ ਨੂੰ ਵੀ ਸੂਫ਼ੀਆਨਾ ਅੰਦਾਜ਼ ਵਿਚ ਗਾਇਆ। ਉਹ ਕੀਰਤਨੀਏ ਤੋਂ ਇਲਾਵਾ ਵਧੀਆ ਲਿਖਾਰੀ ਵੀ ਸਨ। ਉਨ੍ਹਾਂ ਦੇ ਲੇਖ ਵੱਖ-ਵੱਖ ਅਖ਼ਬਾਰਾਂ ਤੇ ਮੈਗਜ਼ੀਨਾਂ ਵਿਚ ਛਪਦੇ ਰਹਿੰਦੇ। ਉਨ੍ਹਾਂ ਦੀਆਂ ਦੋ ਪੁਸਤਕਾਂ ਵੀ ਛਪੀਆਂ। 1999 ਨੂੰ ਵਿਸਾਖੀ 'ਤੇ ਤਿੰਨ ਸੋ ਸਾਲਾ ਸ਼ਤਾਬਦੀ ਨੂੰ 50 ਤੋਂ ਵੱਧ ਮੁੱਖ ਸੰਗੀਤ ਕੰਪਨੀਆਂ ਨੇ ਇਨ੍ਹਾਂ ਦੇ ਕੀਰਤਨ ਦੀਆਂ ਐਲਬਮਾਂ ਰਿਕਾਰਡ ਕੀਤੀਆਂ। ਭਾਈ ਨਿਰਮਲ ਸਿੰਘ ਖ਼ਾਲਸਾ ਨੂੰ ਕਈ ਐਵਾਰਡ ਮਿਲੇ। 1999 ਵਿਚ ਇੰਡੀਅਨ ਮਿਊਜ਼ੀਕਲ ਇੰਡਸਟਰੀ ਮੁੰਬਈ ਵੱਲੋਂ ਨੈਸ਼ਨਲ ਐਵਾਰਡ ਮਿਲਿਆ। 1999 ਵਿਚ ਹੀ ਖ਼ਾਲਸਾ ਫ਼ਤਹਿ ਜੰਗ ਵੱਲੋਂ ਗੋਲਡ ਮੈਡਲ ਅਤੇ ਸ਼੍ਰੋਮਣੀ ਰਾਗੀ ਐਵਾਰਡ ਦਿੱਤਾ ਗਿਆ। 2004 ਵਿਚ ਭਾਈ ਹੀਰਾ ਸਿੰਘ ਆਨੰਦ ਐਵਾਰਡ ਮਿਲਿਆ। 2006 ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਵੱਲੋਂ ਸ਼੍ਰੋਮਣੀ ਐਵਾਰਡ ਪ੍ਰਾਪਤ ਹੋਇਆ। ਇਸੇ ਤਰ੍ਹਾਂ 2009 ਵਿੱਚ ਪਦਮਸ੍ਰੀ ਐਵਾਰਡ ਨਾਲ ਨਿਵਾਜਿਆ ਗਿਆ।

ਉਨ੍ਹਾਂ ਦਾ ਕਹਿਣਾ ਸੀ ਕਿ ਉਹ ਜੋ ਕੁਝ ਵੀ ਹਨ, ਸਭ ਗੁਰੂ ਸ਼ਬਦ ਦੀ ਕਮਾਈ ਤੇ ਗੁਰਬਾਣੀ ਨੂੰ ਸਮਰਪਿਤ ਹੋਣ ਕਰਕੇ ਹਨ। ਮੰਡ ਖੇਤਰ ਤੋਂ ਚੱਲ ਕੇ ਰਾਸ਼ਟਰਪਤੀ ਭਵਨ, ਪ੍ਰਧਾਨ ਮੰਤਰੀ ਨਿਵਾਸ ਅਤੇ ਕੈਨੇਡਾ ਦੀ ਪਾਰਲੀਮੈਂਟ ਤੱਕ ਦਾ ਸਫ਼ਰ ਉਨ੍ਹਾਂ ਨੇ ਗੁਰੂ ਦੀ ਮਿਹਰ ਸਦਕਾ ਹੀ ਤੈਅ ਕੀਤਾ।

ਸਾਲ 2020 ਵਿਚ ਭਾਈ ਨਿਰਮਲ ਸਿੰਘ ਕਰੋਨਾ ਦੇ ਸ਼ਿਕਾਰ ਹੋ ਗਏ। 2 ਅਪਰੈਲ 2020 ਨੂੰ ਉਹ ਅੰਮ੍ਰਿਤਸਰ ਵਿਚ ਦਮ ਤੋੜ ਗਏ। ਚਲੋ! ਜਾਣਾ ਤਾਂ ਸਭ ਨੇ ਹੀ ਹੈ ਪਰ ਉਨ੍ਹਾਂ ਦੇ ਸਮੇਂ ਤੋਂ ਪਹਿਲਾਂ ਜਾਣ ਕਰ ਕੇ ਬਹੁਤ ਦੁੱਖ ਹੋਇਆ ਪਰ ਇਸ ਤੋਂ ਵੱਡਾ ਦੁੱਖ ਉਸ ਵੇਲੇ ਹੋਇਆ ਜਦੋਂ ਪਿੰਡ ਵੇਰਕਾ (ਅੰਮ੍ਰਿਤਸਰ) ਦੇ ਕੁਝ ਵਸਨੀਕਾਂ ਨੇ ਪਿੰਡ ਦੇ ਸ਼ਮਸ਼ਾਨਘਾਟ ਵਿਚ ਉਨ੍ਹਾਂ ਦਾ ਸਸਕਾਰ ਨਾ ਹੋਣ ਦਿੱਤਾ। ਮਗਰੋਂ ਉਨ੍ਹਾਂ ਦਾ ਸਸਕਾਰ ਪਿੰਡ ਸ਼ੁਕਰਚੱਕ ਵਿਚ ਕੀਤਾ ਗਿਆ। ਕਰੋਨਾ ਕਰਕੇ ਕਰਫਿਊ ਲੱਗਾ ਹੋਣ ਕਾਰਨ ਕੋਈ ਵੀ ਵਿਅਕਤੀ ਉਨ੍ਹਾਂ ਦੇ ਅੰਤਿਮ ਦਰਸ਼ਨ ਨਾ ਕਰ ਸਕਿਆ।

ਸਸਕਾਰ ਵੇਲੇ ਸਿਰਫ ਉਨ੍ਹਾਂ ਦਾ ਪੁੱਤਰ ਹੀ ਹਾਜ਼ਰ ਸੀ। ਉਸ ਨੇ ਚਿਖਾ ਨੂੰ ਅਗਨੀ ਦਿਖਾਈ। ਉਹ ਆਪਣੀ ਆਵਾਜ਼ ਕਰਕੇ ਸਾਡੇ ਵਿਚ ਹਮੇਸ਼ਾ ਜਿਊਂਦੇ ਰਹਿਣਗੇ ਅਤੇ ਉਨ੍ਹਾਂ ਦਾ ਰਸ ਭਿੰਨਾ ਕੀਰਤਨ ਸਾਡੇ ਕੰਨਾਂ ਵਿਚ ਰਸ ਘੋਲਦਾ ਰਹੇਗਾ। - ਸੰਪਰਕ: 99141-84794

## How NRI can save TDS on selling immovable property in India - 4

Angad Pal Singh, CA



### TDS on the Transaction

According to section 195 of the Act, the buyer is liable to deduct tax at source (TDS) on the sale proceeds at the rates in force. It is a mechanism of collecting the tax on the capital gain arising on the sale of the asset in advance.

Section 195(1) of Act states that:

"Any person responsible for paying to a non-resident, not being a company, or to a foreign company, any interest (not being interest referred to in section 194LB or section 194LC) 92[or section 194LD] or any other sum chargeable under the provisions of this Act (not being income chargeable under the head "Salaries") shall, at the time of credit of such income to the account of the payee or at the time of payment thereof in cash or by the issue of a cheque or draft or by any other mode, whichever is earlier, deduct income-tax thereon at the rates in force".

In other words Section 195(1) makes it mandatory for the buyer to deduct TDS when making payment to non resident out of consideration to be paid and deposit the same to the credit of the Central Government.

As per our example, the tax on the capital gain on the property sale amounts to 10.67 lakhs. BUT, this is where things take a turnaround.

If the seller is an NRI, the buyer is liable to deduct TDS on entire sale proceeds and not on the capital gain gain value.

Consequently, the buyer will deduct 20% on 1.5 crores which comes out to be Rs. 30 lakhs. (Ignoring Surcharge and Cess)

Which means, there is an excess deduction of tax to the tune of Rs. 20 Lakh approx.

Although the seller is entitled to take the credit of excess tax deducted while filing his income tax return. But, this blocks his capital for a long period of time until he receives the refund from the income tax department. It is time taking and costs the seller, the opportunity cost of investing the money somewhere else.

(Continued)

# HERITAGE

## ਰਾਜ ਸਿੰਘ ਬਧੇਸ਼ਾ ਨੇ ਵਧਾਇਆ ਸਿੱਖਾਂ ਦਾ ਮਾਣ



ਕੈਲੀਫ਼ੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਸ਼ੁਕਰਵਾਰ ਨੂੰ ਰਾਜ ਸਿੰਘ ਬਧੇਸ਼ਾ ਨੂੰ ਫਰੈਸਨੋ ਕਾਊਂਟੀ ਸੁਪੀਰੀਅਰ ਕੋਰਟ ਦਾ ਨਵਾਂ ਜੱਜ ਨਿਯੁਕਤ ਕਰਨ ਦਾ ਐਲਾਨ ਕੀਤਾ। ਉਹ ਇਸ ਸਮੇਂ ਫਰੈਸਨੋ 'ਚ ਮੁੱਖ ਸਹਾਇਕ ਸਿਟੀ ਅਟਾਰਨੀ ਵਜੋਂ ਸੇਵਾ ਨਿਭਾ ਰਹੇ ਹਨ। ਬਧੇਸ਼ਾ ਫਰੈਸਨੋ ਕਾਊਂਟੀ ਬੈਂਚ 'ਚ ਨਿਯੁਕਤ ਹੋਣ ਵਾਲੇ ਪਹਿਲੇ ਸਿੱਖ ਬਣ ਗਏ ਹਨ। ਇਸ ਨਿਯੁਕਤੀ ਦਾ ਜਸ਼ਨ ਸੈਂਟਰਲ ਵੈਲੀ 'ਚ ਵੱਡੀ ਗਿਣਤੀ 'ਚ ਵਸਦੇ ਪੰਜਾਬੀ ਅਤੇ ਏਸ਼ੀਆਈ ਭਾਈਚਾਰਿਆਂ ਦੇ ਲੋਕਾਂ ਵਲੋਂ ਮਨਾਇਆ ਜਾਵੇਗਾ।

## ਇੰਟਰਨੈਸ਼ਨਲ ਸਟੂਡੈਂਟਸ ਦੇ ਭਵਿੱਖ ਨੂੰ ਲੈ ਕੇ ਸਿੱਖ ਜਥੇਬੰਦੀਆਂ ਨੇ ਪ੍ਰਗਟਾਈ ਚਿੰਤਾ



ਕੈਨੇਡਾ ਵਿਚ ਇੰਟਰਨੈਸ਼ਨਲ ਸਟੂਡੈਂਟਸ ਤੇ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ ਹੋਲਡਰਜ਼ ਦੇ ਭਵਿੱਖ ਨੂੰ ਲੈ ਕੇ ਚਿੰਤਤ ਕਈ ਅਹਿਮ ਸਿੱਖ ਜਥੇਬੰਦੀਆਂ ਨੇ ਫੈਡਰਲ ਸਰਕਾਰ ਤੋਂ ਇਸ ਪਾਸੇ ਸੁਧਾਰ ਕਰਨ ਦੀ ਮੰਗ ਕੀਤੀ ਹੈ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਨੂੰ ਲਿਖੇ ਖੁੱਲ੍ਹੇ ਪੱਤਰ ਵਿੱਚ ਇਨ੍ਹਾਂ ਜਥੇਬੰਦੀਆਂ ਨੇ ਇੰਟਰਨੈਸ਼ਨਲ ਸਟੂਡੈਂਟਸ ਦੀ ਸਫਲਤਾ ਤੇ ਭਲਾਈ ਲਈ ਕੁੱਝ ਸੁਧਾਰ ਜਲਦ ਤੋਂ ਜਲਦ ਕਰਨ ਦੀ ਮੰਗ ਉੱਤੇ ਜ਼ੋਰ ਦਿੱਤਾ। ਇਸ ਪੱਤਰ ਉੱਤੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ, ਓਨਟਾਰੀਓ ਗੁਰਦੁਆਰਾਜ਼ ਕਮੇਟੀ ਤੇ ਇੰਟਰਨੈਸ਼ਨਲ ਸਿੱਖ ਸਟੂਡੈਂਟਸ ਐਸੋਸਿਏਸ਼ਨ ਦੇ ਆਗੂਆਂ ਨੇ ਸਾਈਨ ਕੀਤੇ। ਇਸ ਵਿੱਚ ਉਨ੍ਹਾਂ ਇੰਟਰਨੈਸ਼ਨਲ ਵਿਦਿਆਰਥੀਆਂ ਨੂੰ ਦਰਪੇਸ਼ ਦਿੱਕਤਾਂ ਦਾ ਖੁਲਾਸਾ ਕੀਤਾ ਹੈ।

## ਕੈਨੇਡਾ 'ਚ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਸਤੰਬਰ ਤੋਂ ਨਵਾਂ ਨਿਯਮ ਲਾਗੂ

ਕੈਨੇਡਾ ਵਿਚ ਭਾਰਤੀ ਵਿਦਿਆਰਥੀਆਂ ਸਮੇਤ ਅੰਤਰਰਾਸ਼ਟਰੀ ਵਿਦਿਆਰਥੀ ਅੱਗੋਂ ਲਾਗੂ ਹੋਣ ਵਾਲੇ ਨਵੇਂ ਨਿਯਮ ਅਨੁਸਾਰ ਸਤੰਬਰ ਤੋਂ ਪ੍ਰਤੀ ਹਫ਼ਤੇ ਸਿਰਫ਼ 24 ਘੰਟੇ ਹੀ ਕੈਂਪਸ ਤੋਂ ਬਾਹਰ ਕੰਮ ਕਰ ਸਕਣਗੇ। ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਮੰਤਰੀ ਮਾਰਕ ਮਿਲਰ ਨੇ ਸੋਮਵਾਰ ਨੂੰ ਇੱਕ ਪ੍ਰੈਸ ਬਿਆਨ ਵਿੱਚ ਕਿਹਾ, "ਵਿਦਿਆਰਥੀਆਂ ਨੂੰ ਕੈਂਪਸ ਤੋਂ ਬਾਹਰ ਹਫ਼ਤੇ ਵਿੱਚ 20 ਘੰਟੇ ਤੋਂ ਵੱਧ ਕੰਮ ਕਰਨ ਦੀ ਆਗਿਆ ਦੇਣ ਵਾਲੀ ਅਸਥਾਈ ਨੀਤੀ 30 ਅਪ੍ਰੈਲ, 2024 ਨੂੰ ਖ਼ਤਮ ਹੋ ਜਾਵੇਗੀ ਅਤੇ ਇਸ ਨੂੰ ਅੱਗੇ ਨਹੀਂ ਵਧਾਇਆ ਜਾਵੇਗਾ।" ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਨੇ ਕੋਵਿਡ-19 ਮਹਾਮਾਰੀ ਦੌਰਾਨ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਕੰਮ ਦੇ ਘੰਟਿਆਂ ਦੀ 20 ਘੰਟੇ ਦੀ ਸੀਮਾ ਅਸਥਾਈ ਤੌਰ 'ਤੇ ਮੁਆਫ਼ ਕਰ ਦਿੱਤੀ ਸੀ ਤਾਂ ਜੋ ਦੇਸ਼ ਨੂੰ ਦਰਪੇਸ਼ ਮਜ਼ਦੂਰਾਂ ਦੀ ਕਮੀ ਨੂੰ ਦੂਰ ਕੀਤਾ ਜਾ ਸਕੇ। ਸੀਟੀਵੀ ਨਿਊਜ਼ ਦੀ ਰਿਪੋਰਟ ਮੁਤਾਬਕ ਇਸ ਛੋਟ ਦੀ ਮਿਆਦ ਆਉਂਦੇ ਮੰਗਲਵਾਰ ਨੂੰ ਖ਼ਤਮ ਹੋ ਰਹੀ ਹੈ।

## ਬ੍ਰਿਟੇਨ 'ਚ ਪਹਿਲੀ ਵਾਰ ਪਾਰਲੀਮੈਂਟ 'ਚ ਕੀਤਾ ਗਿਆ ਗੁਰਬਾਣੀ ਦਾ ਪਾਠ



ਇਸ ਹਫਤੇ ਲੰਡਨ, ਬ੍ਰਿਟੇਨ ਵਿੱਚ ਆਪਣੀ ਤਰ੍ਹਾਂ ਦੇ ਪਹਿਲੇ ਵਿਸਾਖੀ ਦੇ ਤਿਉਹਾਰ ਮੌਕੇ ਸੰਸਦ ਦੇ ਦੋਵੇਂ ਸਦਨ ਗੁਰਬਾਣੀ ਦੀਆਂ ਧੁਨਾਂ ਅਤੇ ਸਦਭਾਵਨਾ ਦੇ ਸੰਦੇਸ਼ ਗੂੰਜ ਉੱਠੇ। ਬ੍ਰਿਟਿਸ਼ ਇੰਡੀਅਨ ਥਿੰਕ ਟੈਂਕ '1928 ਇੰਸਟੀਚਿਊਟ' ਅਤੇ ਪ੍ਰਵਾਸੀ ਸੰਗਠਨ 'ਸਿਟੀ ਸਿੱਖਸ ਐਂਡ ਬ੍ਰਿਟਿਸ਼ ਪੰਜਾਬੀ ਵੈਲਫੇਅਰ ਐਸੋਸੀਏਸ਼ਨ' ਦੁਆਰਾ ਸੋਮਵਾਰ ਸ਼ਾਮ ਨੂੰ ਆਯੋਜਿਤ ਇਸ ਸਮਾਗਮ ਵਿੱਚ 'ਕਾਮਨਵੈਲਥ ਪਾਰਲੀਮੈਂਟਰੀ ਐਸੋਸੀਏਸ਼ਨ ਰੂਮ' ਅਤੇ ਬ੍ਰਿਟੇਨ ਦੇ ਵੱਖ-ਵੱਖ ਖੇਤਰਾਂ ਦੇ ਪੇਸ਼ੇਵਰਾਂ, ਕਮਿਊਨਿਟੀ ਲੀਡਰਾਂ ਅਤੇ ਪਰਉਪਕਾਰੀ ਲੋਕਾਂ ਨੂੰ ਇਕੱਠਾ ਕੀਤਾ ਗਿਆ। ਭਾਰਤ ਸਬੰਧਾਂ ਅਤੇ ਬਰਤਾਨਵੀ ਜੀਵਨ ਵਿੱਚ ਸਿੱਖ ਕੌਮ ਦੇ ਯੋਗਦਾਨ ਬਾਰੇ ਚਾਨਣਾ ਪਾਇਆ ਗਿਆ। ਸਿਟੀ ਸਿੱਖਸ ਦੇ ਪ੍ਰਧਾਨ ਜਸਵੀਰ ਸਿੰਘ ਨੇ ਇਸ ਪ੍ਰੋਗਰਾਮ ਦੀ ਅਗਵਾਈ ਕੀਤੀ ਜਿਸ ਵਿੱਚ ਕਈ ਬੁਲਾਰਿਆਂ ਨੇ ਭਾਸ਼ਣ ਦਿੱਤੇ ਅਤੇ ਅਨਹਦ ਕੀਰਤਨ ਸੁਸਾਇਟੀ ਨੇ ਗੁਰਬਾਣੀ ਪੇਸ਼ ਕੀਤੀ।

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰਬਾਣੀ ਅਨੁਸਾਰ ਜਾਗਣ ਦਾ ਕੀ ਅਰਥ ਹੈ?**

a. ਆਪਣੇ ਵਿਕਾਰਾਂ ਤੋਂ ਜਾਗਣਾ
b. ਆਪਣੀ ਕਮਜ਼ੋਰੀਆਂ ਤੋਂ ਸੁਚੇਤ ਹੋਣਾ
c. ਆਪਣੀ ਜ਼ਿੰਮੇਵਾਰੀ ਪ੍ਰਤੀ ਚੇਤੰਨ ਹੋਣਾ
d. ਇਹ ਸਾਰੇ ਹੀ

**2. ਬਹਾਦੁਰ ਸ਼ਾਹ ਦੇ ਕੋਲ ਲੋਹਗੜ੍ਹ ਦੀ ਲੜਾਈ ਵਿੱਚ ਕਿੰਨੀ ਫੌਜ ਸੀ?**

a. 5 ਲੱਖ  b. 2.5 ਲੱਖ
c. 25 ਹਜ਼ਾਰ  d. ਸਵਾ ਲੱਖ

**3. ਭਾਈ ਬੱਚਿਤਰ ਸਿੰਘ ਕਿਨ੍ਹਾਂ ਦੇ ਬੇਟੇ ਸੰਨ?**

a. ਭਾਈ ਮਨੀ ਸਿੰਘ  b. ਭਾਈ ਦਇਆ ਸਿੰਘ
c. ਅਕਾਲੀ ਫੂਲਾ ਸਿੰਘ  d. ਭਾਈ ਮਹਿਤਾਬ ਸਿੰਘ

**4. ਭਾਈ ਲੱਖੀ ਸ਼ਾਹ ਵਣਜਾਰਾ ਜੀ ਦੇ ਸਮੇਂ 1 ਬਾਉਲੀ ਲਗਾਉਣ ਦੀ ਕਿੰਨੀ ਕੀਮਤ ਸੀ?**

a. 10 ਹਜ਼ਾਰ ਰੁਪਏ  b. 2 ਹਜ਼ਾਰ ਰੁਪਏ
c. 5 ਹਜ਼ਾਰ ਰੁਪਏ  d. 7 ਹਜ਼ਾਰ ਰੁਪਏ

**5. How much was the indian economy compared to the world's economy in the early of 18th century?**

a. 25.6%  b. 24.9%
c. 24.5%  d. 25.4%

(ਵੇਖੋ ਉੱਤਰ ਪੰਨਾ 4 'ਤੇ)

## CAREER COUNSELLING

### *Mistakes During the Interview Could Cost You the Job*



Narinder Pal Singh

Interviews can be nerve-wracking, but there is an opportunity to make a great impression on a potential employer. Unfortunately and unknowingly, many job seekers make common mistakes. Most common interview mistakes to avoid:

1. Failing to do your research

   **Solution:** Before your interview, take some time to research the company and the position you're interviewing for. This will help you understand the company's culture and values, as well as the specific duties and responsibilities of the position.

2. Arriving late or too early at interview venue.

   Solution: As a token of respect to the interviewer and showing your organized skill, reach at venue 5 to10 minutes early. No harm in informing to interviewer in case you are running late because of a genuine reason.

3. Mistake three: Dressing inappropriately

   Solution: Depending upon the company culture, always dressed in business formal or business casual attire. Avoid wearing anything too revealing or too casual, such as jeans, shorts, or flip-flops.

4. Mistake four: Poor body language

   **Solution:** Make eye contact with the interviewer, sit up straight, and avoid fidgeting. These are all signs that you're confident and engaged. Avoid crossing your arms or leaning back in your chair, as this can come across as dismissive or arrogant.

5. Talking too much about yourself

   **Solution:** It's important to highlight your skills and experience during your interview, but you should also be sure to ask questions about the company and the position. This shows that you're interested in the job and that you've done your research. It's also a good way to learn more about the company culture and whether or not it's a good fit for you.

6. Not following up

   **Solution:** After your interview, be sure to send a thank-you note to the interviewer. This is a simple way to express your gratitude for their time and to reiterate your interest in the position. You should also follow up with the interviewer if you haven't heard back within a week or two.

7. Being negative

   **Solution:** Even if you've had a bad experience at a previous job, avoid talking negatively about your former employer or colleagues during your interview. This shows that you're unprofessional and that you're not able to handle difficult situations in a positive way.



ਹਿੰਦੀ ਸਾਡੀ ਮਾਸੀ ਲੱਗਦੀ,
ਮਾਂ ਲੱਗੇ ਪੰਜਾਬੀ।
ਉਰਦੂ ਸਾਡਾ ਭਾਈ ਲੱਗਦਾ,
ਅੰਗਰੇਜੀ ਸਾਡੀ ਭਾਬੀ।
ਮਾਂ ਬੋਲੀ ਦਾ ਰਿਸ਼ਤਾਂ ਗੂੜ੍ਹਾਂ,
ਮਿੱਠੜ੍ਹਾਂ ਬੇਹਿਸਾਬੀ।
ਵਤਨ ਮੇਰੇ ਦੀ ਰਾਣੀ ਬੋਲੀ,
ਵੱਖਰੇ ਠਾਠ ਨਵਾਬੀ।
ਇਹ ਤਾਂ ਸਾਡੀ ਰੂਹ ਦੀ ਭਾਸ਼ਾ,
ਕੋਈ ਨਹੀਂ ਕਿਤਾਬੀ।
ਮਾਂ ਬੋਲੀ ਨੂੰ ਜਿਸਨੇ ਮਾਣ ਨਾ
ਦਿੱਤਾ, ਕਾਹਦਾ ਉਹ ਪੰਜਾਬੀ।
ਆਪਣੀ ਬੋਲੀ ਮਾਣ ਆਪਣਾ,
ਸੌ ਜਿੰਦਿਆਂ ਦੀ ਚਾਬੀ।
ਸਾਹਿਤ ਦੇ ਖੇਤਰ 'ਚ ਮਾਰੋ ਮੱਲ੍ਹਾਂ,
ਭਾਸ਼ਾ ਜਾਣ ਖਿਤਾਬੀ।


## SIKH MATRIMONIALS

Gursikh Boy 28/5'10"/BTech/PG course from Toronto/ Canada PR/Father Advocate Delhi HC, Mother Retired from SBI/Contact +91 9810396775

Gursikh Amritdhari girl 30/5'3" /Masters USA/ Software Developer/San Francisco/Package USD 125000/ Contact +91 7428742265

Gursikh girl 28/5'7"/MBA/PGD NIAGARA COLLEGE, TORONTO/Working on Study Permit/ Contact+91 99888 76028


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. B 3. A 4. C 5. D

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555